# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਮੱਗਰ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਲ, ਫ਼ੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ**
**ਫ਼ੋਨ ਨੰ: 01725212329 ਈ-ਮੇਲ : aspdtb123@gmail.com**

ਵੱਲ :

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ),
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ),
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਸਮੂਹ ਸਕੂਲ ਮੁਖੀ,
ਪੰਜਾਬ ।

ਮੀਮੋ ਨੰ: ਸਸਅ/ਐਫ਼ਟੀਬੀ/2019/45736
ਮਿਤੀ, ਸਅਸ ਨਗਰ: 07-02-2019

**ਵਿਸ਼ਾ: ਵਿੱਦਿਅਕ ਸੈਸ਼ਨ 2019-20 ਦੌਰਾਨ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਮੇਂ ਸਿਰ ਕਿਤਾਬਾਂ ਮੁਹੱਈਆ ਕਰਵਾਉਣ ਸਬੰਧੀ ।**

**ਹਵਾਲਾ:**ਮੀਮੋ ਨੰ: ਸਸਅ/ਐਫ਼ਟੀਬੀ/2019/12175 ਮਿਤੀ, ਸਅਸ ਨਗਰ:10-01-2019

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿੱਦਿਅਕ ਸੈਸ਼ਨ 2019-20 ਦੌਰਾਨ ਰਾਜ ਦੇ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਪਹਿਲੀ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਿਤਾਬਾਂ ਦੀ ਛਪਾਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈ ਜਾ ਰਹੀ ਹੈ।ਪਸਸਬ ਵੱਲੋਂ ਇਹਨਾਂ ਕਿਤਾਬਾਂ ਦੀ ਸਪਲਾਈ ਬਲਾਕ ਪੱਧਰ ਤੱਕ ਫ਼ਰਵਰੀ ਦੇ ਤੀਸਰੇ ਹਫ਼ਤੇ ਸ਼ੁਰੂ ਕਰ ਦਿੱਤੀ ਜਾਵੇਗੀ।

2.0 ਇੱਥੇ ਇਹ ਵੀ ਦੱਸਣਾ ਵਾਜਿਬ ਹੋਵੇਗਾ ਕਿ ਕਿਤਾਬਾਂ ਦੀ ਛਪਾਈ ਦੇ ਮੰਤਵ ਨੂੰ ਮੁੱਖ ਰੱਖ ਕੇ ਵਿਦਿਆਰਥੀਆਂ ਦੀ ਗਿਣਤੀ ਮੁੱਖ ਦਫ਼ਤਰ ਪੱਧਰ 'ਤੇ ਐਮ ਆਈ ਐਸ ਸਾਖ਼ਾ ਤੋਂ ਪ੍ਰਾਪਤ ਕਰਕੇ ਪਸਸਬ ਨੂੰ ਭੇਜੀ ਗਈ ਹੈ।ਚਾਲੂ ਸੈਸ਼ਨ 2018-19 ਦੌਰਾਨ ਕੁੱਝ ਜ਼ਿਲ੍ਹਿਆਂ/ ਬਲਾਕ ਦਫ਼ਤਰਾਂ ਵੱਲੋਂ ਇਹ ਧਿਆਨ ਵਿੱਚ ਲਿਆਂਦਾ ਗਿਆ ਸੀ ਕਿ ਵਿਦਿਆਰਥੀਆਂ ਦੀ ਗਿਣਤੀ ਪਸਸਬ ਵੱਲੋਂ ਮੁਹੱਈਆ ਕਰਵਾਈਆਂ ਕਿਤਾਬਾਂ ਨਾਲ ਮੇਲ ਨਹੀਂ ਖਾਂਦੀ। ਇਸ ਲਈ ਜੇਕਰ ਕਿਤੇ ਫ਼ਿਰ ਤੋਂ ਅਜਿਹੀ ਦਿੱਕਤ ਪੇਸ਼ ਆਉਣ ਦੀ ਸੰਭਾਵਨਾ ਹੋਵੇ ਤਾਂ ਜ਼ਿਲ੍ਹਾ ਜਾਂ ਬਲਾਕ ਦਫ਼ਤਰ ਵਿੱਚ ਤਾਇਨਾਤ ਐਮ ਆਈ ਐਸ ਕੋਆਰਡੀਨੇਟਰ ਨਾਲ ਤਾਲਮੇਲ ਕੀਤਾ ਜਾਵੇ ਤਾਂ ਜੋ ਐਮ.ਆਈ.ਐਸ ਦਾ ਡਾਟਾ ਠੀਕ ਕੀਤਾ ਜਾ ਸਕੇ।

3.0 ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਿਤਾਬਾਂ ਦੀ ਸਪਲਾਈ ਬਲਾਕ/ ਕਲੱਸਟਰ ਪੱਧਰ 'ਤੇ ਕੀਤੀ ਜਾਵੇਗੀ ਅਤੇ ਇਸ ਤੋਂ ਅੱਗੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਵੱਲੋਂ ਸਕੂਲ ਪੱਧਰ ਤੱਕ ਕਿਤਾਬਾਂ ਦੀ ਪਹੁੰਚ ਯਕੀਨੀ ਬਣਾਉਣ ਲਈ ਰੂਟ-ਪਲਾਨ ਤਿਆਰ ਕੀਤਾ ਜਾਵੇ ਤਾਂ ਜੋ ਕਿਤਾਬਾਂ ਦੀ ਸਪਲਾਈ

ਨਿਰਵਿਘਨ ਅਤੇ ਸਮੇਂ ਸਿਰ ਹੋ ਸਕੇ। ਭਾਵੇਂ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਿਤਾਬਾਂ ਦੀ ਸਪਲਾਈ ਬਲਾਕ ਪੱਧਰ 'ਤੇ ਕੀਤੀ ਜਾਣੀ ਹੈ ਪ੍ਰੰਤੂ ਫ਼ਿਰ ਵੀ ਕਿਸੇ ਨੇੜਲੇ ਸਕੂਲ ਜਾਂ ਕਲੱਸਟਰ ਪੱਧਰ 'ਤੇ ਵੀ ਕਿਤਾਬਾਂ ਰਖਵਾਈਆਂ/ ਸਟੋਰ ਕੀਤੀਆਂ ਜਾ ਸਕਦੀਆਂ ਹਨ, ਜਿੱਥੋਂ ਅੱਗੇ ਸਕੂਲਾਂ ਨੂੰ ਸਪਲਾਈ ਕਰਨੀ ਸੌਖੀ/ ਸੰਭਵ ਹੋਵੇ।

4.0 ਆਪ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਸਿੱਖਿਆ ਵਿਭਾਗ ਦੇ ਪੋਰਟਲ ਈਪੰਜਾਬਸਕੂਲ 'ਤੇ ਕਿਤਾਬਾਂ ਦੀ ਸਪਲਾਈ ਸਬੰਧੀ ਇੱਕ ਲਿੰਕ ਦਿੱਤਾ ਗਿਆ ਹੈ ਜਿਸ ਵਿੱਚ ਹਰ ਸਕੂਲ / ਬੱਚੇ ਨੂੰ ਪ੍ਰਾਪਤ ਹੋਈਆਂ ਕਿਤਾਬਾਂ ਦੀ ਸੂਚਨਾ ਅੱਪਡੇਟ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਕਿਤਾਬਾਂ ਦੀ ਵਿਦਿਆਰਥੀ ਤੱਕ ਪਹੁੰਚ ਬਾਰੇ ਸਟੀਕ ਸੂਚਨਾ ਪ੍ਰਾਪਤ ਕੀਤੀ ਜਾ ਸਕੇ।

5.0 ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਵਿਦਿਆ ਨੂੰ ਸਮੇਂ ਦਾ ਹਾਣੀ ਬਣਾਉਣ ਦੇ ਮੰਤਵ ਅਧੀਨ ਚਾਲੂ ਸੈਸ਼ਨ ਦੌਰਾਨ ਕੁੱਝ ਚੋਣਵੇਂ ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਮਾਧਿਅਮ ਦੀ ਸ਼ੁਰੂਆਤ ਕੀਤੀ ਗਈ ਸੀ ਅਤੇ ਇਸ ਸ਼ਲਾਘਾਯੋਗ ਕਾਰਜ ਨੂੰ ਸਕੂਲ ਮੁਖੀਆਂ/ ਵਿਦਿਆਰਥੀਆਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ ਸੀ।ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਅਗਲੇ ਵਿੱਦਿਅਕ ਸੈਸ਼ਨ ਦੌਰਾਨ ਜਿਹੜੇ ਵਿਦਿਆਰਥੀਆਂ ਨੇ ਅੰਗਰੇਜ਼ੀ ਮਾਧਿਅਮ ਲੈਣ ਦੀ ਇੱਛਾ ਜਤਾਈ ਹੈ ਅਜਿਹੇ ਵਿਦਿਆਰਥੀਆਂ ਦੀ ਗ਼ਿਣਤੀ ਤੁਰੰਤ ਈਪੰਜਾਬਸਕੂਲ ਪੋਰਟਲ 'ਤੇ ਅੱਪਲੋਡ ਕੀਤੀ ਜਾਵੇ ਤਾਂ ਜੋ ਅੰਗਰੇਜ਼ੀ ਮਾਧਿਅਮ ਦੀਆਂ ਲੋੜੀਂਦੀਆਂ ਕਿਤਾਬਾਂ ਸਮੇਂ ਸਿਰ ਮੁਹੱਈਆ ਕਰਵਾਈਆਂ ਜਾ ਸਕਣ।

6.0 ਇਸ ਤੋਂ ਇਲਾਵਾ ਚੋਣਵੇਂ ਵਿਸ਼ੇ ਜਿਵੇ ਕਿ ਡਰਾਇੰਗ, ਖੇਤੀਬਾੜੀ,ਸਿਲਾਈ ਕਢਾਈ ਆਦਿ ਜਿਹਨਾਂ ਦੀਆਂ ਕਿਤਾਬਾਂ ਦੀ ਛਪਾਈ ਪਸਸਬ ਵੱਲੋਂ ਕਰਵਾਈ ਜਾਂਦੀ ਹੈ, ਦੇ ਵਿਦਿਆਰਥੀਆਂ ਦੀ ਗ਼ਿਣਤੀ ਦੀ ਜਾਣਕਾਰੀ ਅਗਾਊਂ ਦਿੱਤੀ ਜਾਵੇ।ਜੇਕਰ ਕਿਸੇ ਸਕੂਲ ਵਿੱਚ ਇਹਨਾਂ ਵਿਸ਼ਿਆਂ ਦੀਆਂ ਕਿਤਾਬਾਂ ਪ੍ਰਾਪਤ ਨਹੀਂ ਹੁੰਦੀਆਂ ਤਾਂ ਇਸ ਦੀ ਨਿਰੋਲ ਜ਼ਿਮੇਵਾਰੀ ਸਕੂਲ ਮੁਖੀ ਅਤੇ ਸਬੰਧਤ ਵਿਸ਼ਾ-ਅਧਿਆਪਕਾਂ ਦੀ ਹੋਵੇਗੀ।ਇਸ ਲਈ ਸਕੂਲ ਮੁਖੀ ਚਾਲੂ ਸੈਸ਼ਨ ਦੌਰਾਨ ਚੋਣਵੇਂ ਵਿਸ਼ਿਆਂ ਦੇ ਵਿਦਿਆਰਥੀਆਂ ਦੀ ਗ਼ਿਣਤੀ ਅਤੇ ਸਕੂਲ ਵਿੱਚ ਕਿਸ ਵਿਸ਼ੇ ਦਾ ਅਧਿਆਪਕ ਮੌਜੂਦ ਹੈ ਆਦਿ ਬਾਰੇ ਕਿਆਸ ਕਰਦੇ ਹੋਏ ਇਹਨਾਂ ਵਿਸ਼ਿਆਂ ਦੀ ਗ਼ਿਣਤੀ ਅੱਪਲੋਡ ਕਰ ਦੇਣ ਤਾਂ ਜੋ ਸਮੇਂ ਸਿਰ ਜ਼ਰੂਰਤ/ ਵਿਸ਼ੇ ਅਨੁਸਾਰ ਕਿਤਾਬਾਂ ਭੇਜੀਆਂ ਜਾ ਸਕਣ।

7.0 ਸਾਰੇ ਸਕੂਲ ਮੁਖੀ ਆਪਣੇ ਸਕੂਲ ਵਿੱਚ ਜਮਾਤ ਇੰਚਾਰਜਾਂ/ ਵਿਸ਼ਾ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਬੁੱਕ-ਬੈਂਕ ਬਣਾਉਣ ਲਈ ਉਤਸ਼ਾਹਿਤ ਕਰਨ ਤਾਂ ਜੌ ਅਗਲੇ ਵਿੱਦਿਅਕ ਸੈਸ਼ਨ ਦੌਰਾਨ ਲੋੜ ਅਨੁਸਾਰ ਬੱਚਿਆਂ ਨੂੰ ਕਿਤਾਬਾਂ ਤੁਰੰਤ ਦਿੱਤੀਆਂ ਜਾ ਸਕਣ ਅਤੇ ਇਸ ਦੀ ਮੌਨੀਟਰਿੰਗ ਵੀ ਕੀਤੀ ਜਾਵੇਗੀ।

8.0 ਉਕਤ ਹਵਾਲਾ ਅਧੀਨ ਪੱਤਰ ਰਾਹੀਂ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਦੇ ਦਫ਼ਤਰ ਵਿੱਚ ਤਾਇਨਾਤ ਸੁਪਰਡੰਟ ਦੀ ਡਿਊਟੀ ਕਿਤਾਬਾਂ ਦੀ ਪ੍ਰਾਪਤੀ, ਸਪਲਾਈ ਅਤੇ ਰਿਕਾਰਡ ਰੱਖਣ ਲਈ ਲਗਾਈ ਗਈ ਹੈ।ਕਿਤਾਬਾਂ ਸਬੰਧੀ ਜਿਲ੍ਹਾ ਪੱਧਰ 'ਤੇ ਕੋਈ ਵੀ ਮਾਮਲਾ ਜ਼ਿਲ੍ਹਾ ਸੁਪਰਡੰਟ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਡਿਪੂ ਮੈਨੇਜਰ ਦੀ ਪੱਧਰ 'ਤੇ ਨਜਿੱਠਿਆ ਜਾਵੇਗਾ ਅਤੇ ਇਸ ਦੀ ਜਾਣਕਾਰੀ ਮੁੱਖ ਦਫ਼ਤਾਰ ਨੂੰ ਵੀ ਭੇਜੀ ਜਾਵੇਗੀ।

9.0 ਜ਼ਿਲ੍ਹਾ ਪੱਧਰ 'ਤੇ ਕਿਤਾਬਾਂ ਸਬੰਧੀ ਕਿਸੇ ਵੀ ਮਾਮਲੇ ਨੂੰ ਨਜਿੱਠਣ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ) ਆਪਸੀ ਤਾਲਮੇਲ ਰੱਖਣਗੇ ਅਤੇ ਜ਼ਰੂਰਤ ਅਨੁਸਾਰ

ਮੁੱਖ ਦਫ਼ਤਰ ਨਾਲ ਉਕਤ ਟੈਲੀਫ਼ੋਨ, ਈ-ਮੇਲ ਅਤੇ ਵੱਟਸਐਪ ਗਰੁੱਪ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

10.0 ਸੋ ਉਕਤ ਦਿਸ਼ਾ-ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਇਹ ਯਕੀਨੀ ਬਣਾਇਆ ਜਾਵੇ ਕਿ ਅਗਲੇ ਵਿੱਦਿਅਕ ਸੈਸ਼ਨ ਦੌਰਾਨ 2019-20 ਦੌਰਾਨ ਵਿਦਿਆਰਥੀਆਂ ਨੂੰ ਸਮੇਂ ਸਿਰ ਕਿਤਾਬਾਂ ਉਪਲਬਧ ਕਰਵਾਉਣ ਦਾ ਟੀਚਾ/ ਨਿਸ਼ਾਨਾ ਹਰ ਹਾਲ ਵਿੱਚ ਪੂਰਾ ਕੀਤਾ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਉਹਨਾਂ ਦੀ ਜਾਣਕਾਰੀ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ:

1. ਨਿੱਜੀ ਸਹਾਇਕ, ਸਕੱਤਰ ਸਕੂਲ ਸਿੱਖਿਆ, ਪੰਜਾਬ ਸਰਕਾਰ।
2. ਨਿੱਜੀ ਸਹਾਇਕ, ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਨਿੱਜੀ ਸਹਾਇਕ, ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਸਅਸ ਨਗਰ।
4. ਨਿੱਜੀ ਸਹਾਇਕ, ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਸਅਸ ਨਗਰ।
5. ਡਾਇਰੈਕਟਰ, ਐਸ ਸੀ ਈ ਆਰ ਟੀ, ਪੰਜਾਬ।